ਰੋਲ ਨੰ. ....................................

**Subject Code : 004**

**Question Booklet Series : B**

ਕੁਲ ਪ੍ਰਸ਼ਨਾਂ ਦੀ ਸੰਖਿਆ : 40]

[ਕੁਲ ਛਪੇ ਪੰਨਿਆਂ ਦੀ ਸੰਖਿਆ : 8

# ਸੀਨੀਅਰ ਸੈਕੰਡਰੀ (XII – 212T21)

## ਦਸੰਬਰ, 2021

## ਟਰਮ-I ਪ੍ਰੀਖਿਆ ਪ੍ਰਣਾਲੀ

## PUNJABI (Elective)

**ਸਮਾਂ ਸੀਮਾਂ : $1\frac{1}{2}$ ਘੰਟਾ** **ਕੁਲ ਅੰਕ : 40**

### ਪ੍ਰੀਖਿਆਰਥੀਆਂ ਦੇ ਲਈ ਜਰੂਰੀ ਨਿਰਦੇਸ਼

1. ਤੁਹਾਨੂੰ ਓ.ਐਮ.ਆਰ. (ਓਪਟੀਕਲ ਮਾਰਕ ਰਿਕਾੱਗਨਿਸ਼ਨ) ਉੱਤਰ-ਪੱਤਰੀ ਦੇ ਨਾਲ-ਨਾਲ ਇਕ ਪ੍ਰਸ਼ਨ-ਪੁਸਤਿਕਾ ਦਿੱਤੀ ਗਈ ਹੈ । ਇਸ ਪ੍ਰਸ਼ਨ-ਪੁਸਤਿਕਾ ਦੇ ਕੁੱਲ 3 ਭਾਗ (ੳ), (ਅ) ਤੇ (ੲ) ਹੋਣਗੇ, ਜਿਨ੍ਹਾਂ ਵਿੱਚ ਕੁੱਲ 40 ਬਹੁ-ਵਿਕਲਪੀ ਪ੍ਰਸ਼ਨ ਹੋਣਗੇ । ਪ੍ਰਸ਼ਨ ਪੁਸਤਿਕਾ ਦੇ ਪੰਨਿਆਂ ਦੀ ਗਿਣਤੀ ਕਰ ਲਵੋ ਅਤੇ ਸੁਨਿਸ਼ਚਿਤ ਕਰ ਲਵੋ ਕਿ ਉਹ ਸਹੀ ਕ੍ਰਮ ਵਿਚ ਹਨ । ਆਪਣੀ ਓ.ਐਮ.ਆਰ. ਉੱਤਰ-ਪੱਤਰੀ ਵਿਚ Subject Code **004** ਅਤੇ Question Booklet Series **B** ਲਿਖੋ ਅਤੇ ਭਰੋ ।
2. ਪ੍ਰੀਖਿਆਰਥੀਆਂ ਨੇ ਓ.ਐਮ.ਆਰ. ਉੱਤਰ-ਪੱਤਰੀ ਵਿਚ ਸਹੀ ਥਾਂ ਤੇ ਹੀ ਆਪਣੇ ਉੱਤਰ ਦਰਸਾਉਣੇ ਹਨ । ਓ.ਐਮ.ਆਰ. ਉੱਤਰ-ਪੱਤਰੀ ਉਪਰ ਦਿਤੇ ਗਏ ਨਿਰਦੇਸ਼ਾਂ ਦੇ ਅਨੁਸਾਰ ਹਰ ਇਕ ਪ੍ਰਸ਼ਨ ਦੇ ਲਈ ਸਿਰਫ ਇਕ ਚੱਕਰ ਨੂੰ ਹੀ ਕਾਲਾ ਕਰਨਾ ਹੈ । ਹਰ ਇਕ ਪ੍ਰਸ਼ਨ ਦੇ ਲਈ **ਚਾਰ** ਸੰਭਾਵਿਤ ਉੱਤਰ ਦਿੱਤੇ ਗਏ ਹਨ, ਜਿਨ੍ਹਾਂ ਵਿਚੋਂ ਸਿਰਫ **ਇਕ** ਉੱਤਰ **ਸਹੀ** ਹੈ । ਪ੍ਰੀਖਿਆਰਥੀਆਂ ਨੇ ਸਹੀ ਉੱਤਰ ਚੁਣ ਕੇ, ਚੁਣੇ ਗਏ ਉੱਤਰ ਦੇ ਸੰਬੰਧਤ ਚੱਕਰ ਨੂੰ ਕਾਲਾ ਕਰਨਾ ਹੋਵੇਗਾ ।
3. ਓ.ਐਮ.ਆਰ. ਉੱਤਰ-ਪੱਤਰੀ ਵਿਚ ਲਿੱਖਣ ਦੇ ਲਈ ਸਿਰਫ ਨੀਲੇ/ਕਾਲੇ ਬਾਲ-ਪੁਆਇੰਟ ਪੈਨ ਦੀ ਵਰਤੋਂ ਕਰਨੀ ਹੈ । ਪ੍ਰੀਖਿਆਰਥੀਆਂ ਨੂੰ ਅਪਣਾ ਬਾਲ-ਪੁਆਇੰਟ ਪੈਨ ਨਾਲ ਲਿਆਉਣਾ ਹੋਵੇਗਾ । **ਪੈਨਸਿਲ ਦੀ ਵਰਤੋਂ ਦੀ ਸਖ਼ਤ ਮਨਾਹੀ ਹੈ ।**
4. **ਸਾਰੇ** ਪ੍ਰਸ਼ਨ ਲਾਜ਼ਮੀ ਹਨ । ਕਿਸੇ ਵੀ ਪ੍ਰਸ਼ਨ ਵਿਚ ਕੋਈ ਵਿਕਲਪ ਨਹੀਂ ਹੈ । ਹਰ ਇਕ ਪ੍ਰਸ਼ਨ ਦਾ 1 ਅੰਕ ਹੈ ।
5. ਓ.ਐਮ.ਆਰ. ਉੱਤਰ-ਪੱਤਰੀ ਵਿਚ ਓਵਰਰਾਈਟਿੰਗ, ਲਕੀਰ ਫੇਰਨ, ਕਟਣ, ਸਫੇਦ/ਕਰੇਕਸ਼ਨ ਤਰਲ ਦੀ ਵਰਤੋਂ ਅਤੇ ਇਰੇਜਿੰਗ ਦੀ ਮਨਾਹੀ ਹੈ । ਅਜਿਹੇ ਪ੍ਰਕਾਰ ਦੇ ਉੱਤਰਾਂ ਦਾ ਮੁਲੰਕਣ ਨਹੀਂ ਕੀਤਾ ਜਾਵੇਗਾ । ਓ.ਐਮ.ਆਰ. ਉੱਤਰ-ਪੱਤਰੀ ਵਿਚ ਅੱਲਗ ਤਰ੍ਹਾਂ ਦਾ ਕੋਈ ਨਿਸ਼ਾਨ ਨਾ ਲਗਾਇਆ ਜਾਵੇ । ਓ.ਐਮ.ਆਰ. ਉੱਤਰ-ਪੱਤਰੀ ਵਿਚ ਇਕ ਵਾਰ ਉੱਤਰ ਚਿਹ੍ਨਿਤ ਕਰਨ ਪਿਛੋਂ ਉਸ ਵਿਚ ਕੋਈ ਬਦਲਾਅ ਨਾ ਕੀਤਾ ਜਾਵੇ ।
6. ਓ.ਐਮ.ਆਰ. ਉੱਤਰ-ਪੱਤਰੀ ਵਿਚ ਰਫ਼ ਕੰਮ ਨਹੀਂ ਕੀਤਾ ਜਾਣਾ ਚਾਹੀਦਾ । **ਰਫ਼ ਕੰਮ** ਦੇ ਲਈ ਪ੍ਰਸ਼ਨ ਪੁਸਤਿਕਾ ਦੇ ਅੰਤਿਮ ਪੰਨੇ ਦੀ ਵਰਤੋਂ ਕਰ ਸਕਦੇ ਹੋ ।
7. ਕਿਸੇ ਤਰ੍ਹਾਂ ਦੀ ਨਕਾਰਾਤਮਕ (Negative) ਮਾਰਕਿੰਗ ਨਹੀਂ ਕੀਤੀ ਜਾਏਗੀ ।

## ਭਾਗ (ੳ) : ਮੱਧ-ਕਾਲੀਨ ਪੰਜਾਬੀ-ਕਾਵਿ  ਕੁੱਲ ਅੰਕ = 15

1. 'ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣ ॥' ਸਤਰ ਦੇ ਲੇਖਕ ਕੌਣ ਹਨ ?

    (A) ਸ੍ਰੀ ਗੁਰੂ ਅਮਰਦਾਸ ਜੀ  (B) ਸ੍ਰੀ ਗੁਰੂ ਰਾਮਦਾਸ ਜੀ

    (C) ਸ੍ਰੀ ਗੁਰੂ ਅੰਗਦ ਦੇਵ ਜੀ  (D) ਸ੍ਰੀ ਗੁਰੂ ਨਾਨਕ ਦੇਵ ਜੀ

2. 'ਮੇਰੀ ਪਟੀਆ ਲਿਖਹੁ' ਸਲੋਕ ਵਿੱਚ ਪ੍ਰਹਿਲਾਦ ਨੂੰ ਕੌਣ ਬਚਾਉਂਦਾ ਹੈ ?

    (A) ਪ੍ਰਹਿਲਾਦ ਦੀ ਮਾਂ  (B) ਪ੍ਰਹਿਲਾਦ ਦੇ ਸਾਥੀ

    (C) ਪਰਮਾਤਮਾ  (D) ਕੋਈ ਨਹੀਂ

3. ਸੁਲਤਾਨ ਬਾਹੂ ਦੀਆਂ ਕਿਹੜੀਆਂ ਰਚਨਾਵਾਂ ਵਿੱਚੋਂ ਚੋਣ ਕਰਕੇ ਰਚਨਾਵਾਂ ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ ?

    (A) ਸੀਹਰਫ਼ੀਆਂ  (B) ਦੋਹਰਿਆਂ

    (C) ਕਬਿੱਤਾਂ  (D) ਦੋਹੜਿਆਂ

4. ਗੁਰੂ ਗੋਬਿੰਦ ਸਿੰਘ ਜੀ ਕਿਸ ਪੰਜਾਬੀ ਕਾਵਿ-ਧਾਰਾ ਦੇ ਲੇਖਕ ਹਨ ?

    (A) ਕਿੱਸਾ-ਕਾਵਿ  (B) ਗੁਰਮਤਿ-ਕਾਵਿ

    (C) ਬੀਰ-ਕਾਵਿ  (D) ਸੂਫ਼ੀ-ਕਾਵਿ

5. 'ਚੋਰਾਂ ਦੇ ਘਰ ਵਗ ਜੁ ਮਾਨਸ ਘਾਇੰਦੇ' ਤੁਕ ਕਿਸ ਸ਼ਾਇਰ ਦੀ ਰਚਨਾ ਹੈ ?

    (A) ਭਾਈ ਗੁਰਦਾਸ ਜੀ  (B) ਨਜਾਬਤ

    (C) ਸ਼ਾਹ ਹੁਸੈਨ  (D) ਵਜੀਦ

6. 'ਮੁਸ਼ਕਲ ਘਾਟ ਫ਼ਕੀਰੀ ਦਾ' ਵਿੱਚ 'ਘਾਟ' ਸ਼ਬਦ ਦਾ ਕੀ ਅਰਥ ਹੈ ?

    (A) ਮਾਰਗ  (B) ਘਾਟੀ

    (C) ਪਹਾੜੀ  (D) ਸੜਕ

7. ਹੇਠ ਲਿਖੀਆਂ ਰਚਨਾਵਾਂ ਵਿੱਚੋਂ ਕਿਹੜੀ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਲਿਖੀ ਹੋਈ ਹੈ ?

    (A) ਅਠੀ ਪਹਿਰੀ ਅਠ ਖੰਡ  (B) ਹਮ ਭੀਖਕ ਭੇਖਾਰੀ ਤੇਰੇ

    (C) ਮੇਰੀ ਪਟੀਆ ਲਿਖਹੁ  (D) ਨਾਵਣ ਚਲੇ ਤੀਰਥੀ

8. ਮਿਰਜ਼ੇ ਨੂੰ ਜੰਡ ਹੇਠ ਸੌਣ ਤੋਂ ਕੌਣ ਰੋਕਦਾ ਹੈ ?

    (A) ਮਿਰਜ਼ੇ ਦੀ ਮਾਂ  (B) ਮਿਰਜ਼ੇ ਦਾ ਬਾਪ

    (C) ਸਾਹਿਬਾਂ  (D) ਖੀਵਾ ਖ਼ਾਨ

9. ਯੂਸਫ਼ ਘੋੜਾ ਲੈ ਕੇ ਕੀ ਕਰਨ ਲਈ ਜਾਂਦਾ ਹੈ ?

(A) ਸੈਰ (B) ਸ਼ਿਕਾਰ

(C) ਬਗ਼ਾਵਤ (D) ਮੁਕਾਬਲੇ ਲਈ

10. 'ਚੰਡੀ ਦੀ ਵਾਰ' ਰਚਨਾ ਵਿੱਚ ਨਾਇਕਾ ਕੌਣ ਹੈ ?

(A) ਲਕਸ਼ਮੀ ਦੇਵੀ (B) ਸ਼ਾਰਦਾ ਦੇਵੀ

(C) ਦੁਰਗਾ ਦੇਵੀ (D) ਪਾਰਵਤੀ ਦੇਵੀ

11. ਹਾਫ਼ਿਜ਼ ਬਰਖ਼ੁਰਦਾਰ ਕਿਸ ਕਾਵਿ-ਧਾਰਾ ਨਾਲ ਸੰਬੰਧਿਤ ਕਵੀ ਹੈ ?

(A) ਸੂਫ਼ੀ ਕਾਵਿ (B) ਕਿੱਸਾ ਕਾਵਿ

(C) ਗੁਰਮਤਿ ਕਾਵਿ (D) ਬੀਰ ਕਾਵਿ

12. 'ਕਵਣੁ ਸੁ ਅਖਰੁ' ਰਚਨਾ ਕਿਸ ਕਵੀ ਦੀ ਹੈ ?

(A) ਬੁੱਲ੍ਹੇ ਸ਼ਾਹ (B) ਵਜੀਦ

(C) ਸੁਲਤਾਨ ਬਾਹੂ (D) ਸ਼ੇਖ਼ ਫ਼ਰੀਦ ਜੀ

**ਹੇਠਾਂ ਦਿੱਤੇ ਗਏ ਕਾਵਿ-ਬੰਦ ਨੂੰ ਪੜ੍ਹੋ ਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :**

ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੈਸਾਰ ਉਪਾਇਆ ।

ਬ੍ਰਹਮਾ ਬਿਸਨੁ ਮਹੇਸ ਸਾਜਿ, ਕੁਦਰਤਿ ਦਾ ਖੇਲ ਰਚਾਇਆ ।

13. ਇਹਨਾਂ ਕਾਵਿ-ਸਤਰਾਂ ਵਿੱਚ 'ਖੰਡਾ' ਤੋਂ ਕੀ ਭਾਵ ਹੈ ?

(A) ਖੜਗ (B) ਤਲਵਾਰ

(C) ਸ਼ਕਤੀ (D) ਉਪਰੋਕਤ ਸਾਰੇ

14. ਇਹਨਾਂ ਕਾਵਿ-ਸਤਰਾਂ ਦਾ ਮੁੱਖ ਭਾਵ ਕੀ ਹੈ ?

(A) ਸਾਰਾ ਖੇਲ ਕੁਦਰਤ ਨੇ ਰਚਾਇਆ (B) ਸਾਰਾ ਖੇਲ ਮਨੁੱਖ ਨੇ ਰਚਾਇਆ

(C) ਸਾਰਾ ਖੇਲ ਪਰਮਾਤਮਾ ਨੇ ਰਚਾਇਆ (D) ਉਪਰੋਕਤ ਸਾਰੇ

15. ਉਪਰੋਕਤ ਕਾਵਿ-ਸਤਰਾਂ ਦਾ ਲੇਖਕ ਕੌਣ ਹੈ ?

(A) ਵਾਰਸ਼ ਸ਼ਾਹ (B) ਪੀਲੂ

(C) ਹਾਫ਼ਿਜ ਬਰਖ਼ੁਰਦਾਰ (D) ਸ੍ਰੀ ਗੁਰੂ ਗੋਬਿੰਦ ਸਿੰਘ ਜੀ

**ਭਾਗ (ਅ) : ਆਪ-ਬੀਤੀਆਂ : ਸਵੈ-ਜੀਵਨੀ ਅੰਸ਼** ਕੁੱਲ ਅੰਕ = 12

16. 'ਧੂੜ ਭਰੇ ਰਾਹ' ਸਵੈ-ਜੀਵਨੀ ਅੰਸ਼ ਦਾ ਲੇਖਕ ਕੌਣ ਹੈ ?

(A) ਪ੍ਰਿੰ. ਤੇਜਾ ਸਿੰਘ (B) ਗੁਰਬਖ਼ਸ਼ ਸਿੰਘ ਪ੍ਰੀਤਲੜੀ

(C) ਬਲਵੰਤ ਗਾਰਗੀ (D) ਪ੍ਰਿੰ. ਸਾਹਿਬ ਸਿੰਘ

17. ਬਲਵੰਤ ਗਾਰਗੀ ਦਾ ਕਿਹੜਾ ਸਵੈ-ਜੀਵਨੀ ਅੰਸ਼ ਤੁਹਾਡੀ ਪੁਸਤਕ ਵਿੱਚ ਦਰਜ਼ ਹੈ ?

(A) ਐਬਟਾਬਾਦ (B) ਧੂੜ ਭਰੇ ਰਾਹ

(C) ਤਖ਼ਤ ਜਾਂ ਤਖ਼ਤਾ (D) ਮੇਰੇ ਬੱਚੇ ਮੇਰਾ ਮੁਹਾਂਦਰਾ

**ਹੇਠ ਲਿਖੇ ਪੈਰੇ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ ।**

ਜਦ ਮੈਂ ਆਈ.ਸੀ.ਐੱਸ. ਦੇ ਇਮਤਿਹਾਨ ਦੀ ਤਿਆਰੀ ਕਰ ਰਿਹਾ ਸੀ ਤਾਂ ਪਤਾ ਲੱਗਾ ਕਿ ਬੀਕਾਨੇਰ ਦਾ ਮਹਾਰਾਜਾ ਗੰਗਾ ਸਿੰਘ ਗਜ ਸਿੰਘ ਪੁਰ ਜ਼ਿਮੀਂਦਾਰਾਂ ਦੀਆਂ ਤਕਲੀਫ਼ਾਂ ਸੁਣਨ ਆਵੇਗਾ । ਮੈਂ ਵੀ ਪੜ੍ਹਾਈ ਛੱਡ ਕੇ ਸਟੇਸ਼ਨ 'ਤੇ ਪੁੱਜ ਗਿਆ । ਰਿਆਸਤ ਦੇ ਬਹੁਤ ਸਾਰੇ ਅਫ਼ਸਰ ਦੌਰੇ 'ਤੇ ਓਥੇ ਪਹੁੰਚ ਚੁੱਕੇ ਸਨ ਤੇ ਉਹਨਾਂ ਦੇ ਚਪੜਾਸੀ ਟਿੱਡੀ ਦਲ ਵਾਂਗ ਚੱਕਾਂ ਵਿੱਚ ਫ਼ੈਲ ਗਏ । ਬਹੁਤ ਸਾਰੀਆਂ ਮੰਜੀਆਂ ਇਕੱਠੀਆਂ ਕਰ ਲਈਆਂ ਤੇ ਹਰ ਘਰ 'ਚੋਂ ਦੁੱਧ ਇਕੱਠਾ ਕਰ ਲਿਆ । ਸਾਰਾ ਪੀ ਤਾਂ ਸਕਦੇ ਨਹੀਂ ਸਨ, ਬਚਦਾ-ਖੁਚਦਾ ਕਾੜ੍ਹ ਕੇ ਖੋਆ ਬਣਾ ਲਿਆ । ਇਸ ਤੋਂ ਹੀ ਮੈਂ ਅੱਖੀਂ ਦੇਖਿਆ ਕਿ ਅਫ਼ਸਰਾਂ ਦੇ ਦੌਰਿਆਂ 'ਤੇ ਕਿੰਨੀ ਹਨੇਰ-ਗਰਦੀ ਫ਼ੈਲਦੀ ਹੈ ।

18. ਉਪਰੋਕਤ ਪੈਰੇ ਵਿੱਚ ਲੇਖਕ ਦੇ ਅੱਖੀਂ ਦੇਖਣ ਅਨੁਸਾਰ ਅਫ਼ਸਰਾਂ ਦੇ ਦੌਰਿਆਂ 'ਤੇ ਕੀ ਹੁੰਦਾ ਸੀ ?

(A) ਹਨੇਰਾ ਫ਼ੈਲਦਾ (B) ਦੁੱਧ ਇਕੱਠਾ ਕਰਕੇ ਪੀਤਾ

(C) ਹਨੇਰ-ਗਰਦੀ ਫ਼ੈਲਦੀ (D) ਕੁਝ ਵੀ ਨਹੀਂ ਹੋਇਆ

19. ਲੇਖਕ ਅਨੁਸਾਰ ਮਹਾਰਾਜਾ ਗੰਗਾ ਸਿੰਘ ਗਜ ਸਿੰਘ ਪੁਰ ਜ਼ਿਮੀਂਦਾਰਾਂ ਦੀਆਂ ਕੀ ਸੁਣਨ ਆਵੇਗਾ ?

(A) ਕਵਿਤਾਵਾਂ (B) ਤਕਲੀਫ਼ਾਂ

(C) ਗੀਤ (D) ਉਪਰੋਕਤ ਵਿੱਚੋਂ ਕੋਈ ਨਹੀਂ

20. ਮਹਾਰਾਜਾ ਗੰਗਾ ਸਿੰਘ ਗਜ ਸਿੰਘ ਪੁਰ ਕਿੱਥੋਂ ਦਾ ਮਹਾਰਾਜਾ ਸੀ ?

(A) ਬੀਕਾਨੇਰ (B) ਰਾਜਸਥਾਨ

(C) ਗੰਗਾਨਗਰ (D) ਗੁਜਰਾਤ

21. ਉਪਰੋਕਤ ਪੈਰਾ ਕਿਸ ਸ਼ਵੈ-ਜੀਵਨੀ ਅੰਸ਼ ਵਿੱਚੋਂ ਲਿਆ ਗਿਆ ਹੈ ?

(A) ਐਬਟਾਬਾਦ (B) ਧੂੜ ਭਰੇ ਰਾਹ

(C) ਤਖ਼ਤ ਜਾਂ ਤਖ਼ਤਾ (D) ਮੇਰੇ ਬੱਚੇ ਮੇਰਾ ਮੁਹਾਂਦਰਾ

22. ਉਪਰੋਕਤ ਪੈਰੇ ਅਨੁਸਾਰ ਲੇਖਕ ਕਿਹੜੇ ਇਮਤਿਹਾਨ ਦੀ ਤਿਆਰੀ ਕਰ ਰਿਹਾ ਸੀ ?

(A) ਆਈ.ਪੀ.ਐੱਸ. (B) ਆਈ.ਏ.ਐੱਸ. (C) ਆਈ.ਸੀ.ਐੱਸ. (D) ਕੋਈ ਨਹੀਂ

23. 'ਆਪ-ਬੀਤੀਆਂ' ਦੇ ਹਵਾਲੇ ਨਾਲ ਦੱਸੋ ਕਿ 'ਉਕਲੈਦਸ' ਕਿਹੜੀਆਂ ਸ਼੍ਰੇਣੀਆਂ ਵਿੱਚ ਪੜ੍ਹਾਈ ਜਾਂਦੀ ਸੀ ?

(A) ਪ੍ਰਾਇਮਰੀ ਜਮਾਤਾਂ ਵਿੱਚ (B) ਹਾਈ ਦੀਆਂ ਜਮਾਤਾਂ ਵਿੱਚ

(C) ਹਾਈ ਸਕੂਲਾਂ ਵਿੱਚ (D) ਮਿਡਲ ਦੀਆਂ ਜਮਾਤਾਂ ਵਿੱਚ

24. ਮੁਲਕਾਂ ਦੀਆਂ ਸਰਹੱਦਾਂ ਉੱਤੇ ਪੁਲਿਸ ਦਾ ਪ੍ਰਮਾਣ-ਪੱਤਰ ਵੇਖਣਾ ਤੇ ਸਮਾਨ ਫੋਲਣਾ ਮਨੁੱਖ ਵਿੱਚ ਕਿਹੜੀ ਭਾਵਨਾ ਪੈਦਾ ਕਰਦਾ ਹੈ ?

(A) ਆਸ਼ਾ ਪੈਦਾ ਕਰਦਾ ਹੈ (B) ਉਤਸ਼ਾਹ ਪੈਦਾ ਕਰਦਾ ਹੈ

(C) ਪਿਆਰ ਪੈਦਾ ਕਰਦਾ ਹੈ (D) ਘਟੀਆ ਹੋਣ ਦਾ ਅਹਿਸਾਸ ਪੈਦਾ ਕਰਦਾ ਹੈ

25. ਜਦੋਂ ਲੇਖਕ ਦਿੱਲੀ ਵਾਪਸ ਆਇਆ ਉਦੋਂ ਸਿੰਬਾ ਦੀ ਉਮਰ ਕਿੰਨੀ ਸੀ ?

(A) ਤਿੰਨ ਮਹੀਨੇ (B) ਇੱਕ ਮਹੀਨਾ

(C) ਇੱਕ ਸਾਲ (D) ਦੋ ਸਾਲ

26. ਜਦੋਂ ਕਿਸੇ ਫ਼ਕੀਰ ਨੇ ਪੂਰਨ ਸਿੰਘ ਦੇ ਵਾਲਾਂ ਵਿੱਚ ਗੁੰਦੀ ਸੋਨੇ ਦੀ ਮੋਹਰ ਕੱਟ ਲਈ, ਤਾਂ ਉਸ ਦੀ ਮਾਂ ਨੇ ਕੀ ਕੀਤਾ ?

(A) ਉਸ ਨੂੰ ਬਹੁਤ ਮਾਰਿਆ

(B) ਉਸ ਦੀ ਰੋਟੀ ਬੰਦ ਕਰ ਦਿੱਤੀ

(C) ਉਸ ਦੀਆਂ ਖ਼ਾਲੀ ਤਲੀਆਂ ਚੁੰਮ ਲਈਆਂ

(D) ਉਸ ਨੂੰ ਮੁਹਰ ਲੱਭ ਕੇ ਲਿਆਉਣ ਲਈ ਕਿਹਾ

27. ਪ੍ਰਿੰ. ਤੇਜਾ ਸਿੰਘ ਨੂੰ ਪੁਰਾਤਨ ਸਾਹਿਤ ਦੀ ਚਾਟ ਕਿਸ ਨੇ ਲੁਆਈ ?

(A) ਨੂਰ ਖ਼ਾਨ ਨੇ (B) ਪੰਡਤ ਈਸਰ ਦਾਸ

(C) ਲਾਲਾ ਕੁੰਦਨ ਲਾਲ (D) ਜੈ ਕਿਸ਼ਨ ਨੇ

**ਭਾਗ (ੲ) : ਸਾਹਿਤ-ਬੋਧ (ਸਾਹਿਤ ਰੂਪ, ਛੰਦ, ਰਸ ਤੇ ਅਲੰਕਾਰ)** **ਕੁੱਲ ਅੰਕ = 13**

28. ਜਿੱਥੇ ਸਮਾਨ ਵਰਨਾਂ, ਅੱਖਰਾਂ, ਸ਼ਬਦਾਂ ਦਾ ਵਾਰ-ਵਾਰ ਦੁਹਰਾਉ ਹੋਵੇ, ਉੱਥੇ ਕਿਹੜਾ ਅਲੰਕਾਰ ਹੁੰਦਾ ਹੈ ?

(A) ਰੂਪਕ (B) ਉਪਮਾ

(C) ਅਨੁਪ੍ਰਾਸ (D) ਦ੍ਰਿਸ਼ਟਾਂਤ

29. ਉਪਮਾ ਅਲੰਕਾਰ ਵਿੱਚ ਕਿੰਨੇ ਤੱਤ ਹੁੰਦੇ ਹਨ ?

(A) ਦੋ (B) ਤਿੰਨ (C) ਚਾਰ (D) ਪੰਜ

30. 'ਮਾਇਆ ਰੰਗ ਬਿਰੰਗ ਖਿਨੈ ਮਹਿ, ਜਿਉਂ ਬਾਦਰ ਕੀ ਛਾਇਆ' ਤੁਕ ਵਿੱਚ ਕਿਹੜਾ ਅਲੰਕਾਰ ਹੈ ?

(A) ਉਪਮਾ (B) ਰੂਪਕ

(C) ਅਨੁਪ੍ਰਾਸ (D) ਦ੍ਰਿਸ਼ਟਾਂਤ

31. ਹੇਠ ਲਿਖਿਆਂ ਸਤਰਾਂ ਵਿੱਚ ਕਿਹੜਾ ਛੰਦ ਵਰਤਿਆ ਗਿਆ ਹੈ ?

ਚਲ ਮਨਾ ਤੁਰੀ ਚੱਲ, ਸਚੇ ਰਾਹੇ ਲੱਕ ਬੰਨ੍ਹ,
ਪੁੱਜ ਉਸ ਦਰ ਉੱਤੇ, ਜਿੱਥੇ ਅੰਤ ਜਾਣਾ ਹੈ ।

(A) ਕੋਰੜਾ (B) ਬੈਂਤ

(C) ਕਬਿੱਤ (D) ਦੋਹਰਾ

32. ਕੋਰੜਾ ਕਿਸ ਸ਼੍ਰੇਣੀ ਦਾ ਛੰਦ ਹੈ ?

(A) ਵਰਨਿਕ (B) ਮਾਤ੍ਰਿਕ

(C) ਗਣਿਕ (D) ਕੋਈ ਨਹੀਂ

33. ਦੋਹਰਾ ਛੰਦ ਦੀਆਂ ਕਿੰਨੀਆਂ ਮਾਤਰਾਂ ਹੁੰਦੀਆਂ ਹਨ ?

(A) 28 (B) 24 (C) 22 (D) 18

34. ਬੀਰ ਰਸ ਦਾ ਸਥਾਈ ਭਾਵ ਕਿਹੜਾ ਹੈ ?

(A) ਹਾਸ (B) ਉਤਸ਼ਾਹ

(C) ਘਿਰਣਾ (D) ਅਸਚਰਜ

35. ਰਸ ਕਿੰਨੇ ਪ੍ਰਕਾਰ ਦੇ ਮੰਨੇ ਗਏ ਹਨ ?

(A) 6 (B) 10 (C) 9 (D) 8

36. ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੇ ਕਬਰਾਂ ਵਿੱਚੋਂ ਬੋਲ ।
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ ।
ਉਪਰੋਕਤ ਸਤਰਾਂ ਹੇਠ ਲਿਖਿਆਂ ਵਿੱਚੋਂ ਕਿਸ ਰਸ ਦੀ ਉਦਾਹਰਨ ਹੈ ?

(A) ਰੌਦਰ ਰਸ (B) ਕਰੁਣਾ ਰਸ

(C) ਹਾਸ ਰਸ (D) ਬੀਭਤਸ ਰਸ

37. ਭਾਰਤ ਦੇ ਵਿਦਵਾਨਾਂ ਨੇ 'ਪੰਜਵਾਂ ਵੇਦ' ਕਿਸ ਨੂੰ ਕਿਹਾ ਹੈ ?

(A) ਕਵਿਤਾ
(B) ਨਾਵਲ
(C) ਨਾਟਕ
(D) ਕਹਾਣੀ

38. ਪ੍ਰੋ. ਪੂਰਨ ਸਿੰਘ ਕਵਿਤਾ ਨੂੰ ਕੀ ਮੰਨਦਾ ਹੈ ?

(A) ਬੋਲੀ
(B) ਭਾਸ਼ਾ
(C) ਰੂਹ
(D) ਰੂਹਾਂ ਦੀ ਬੋਲੀ

39. ਇਕਾਂਗੀ ਦੀ ਗੋਂਦ ਕਿਸ ਤਰ੍ਹਾਂ ਦੀ ਹੁੰਦੀ ਹੈ ?

(A) ਢਿੱਲੀ
(B) ਬਹੁ-ਪਸਾਰੀ
(C) ਇਕਹਿਰੀ
(D) ਧੀਮੀ

40. ਕਿਸ ਆਲੋਚਕ ਨੇ ਨਾਵਲ ਨੂੰ 'ਰੋਜ਼ਨਾਮਚਾ' ਕਿਹਾ ਹੈ ?

(A) ਸਰ ਰਿਚਰਡ ਟੈਂਪਲ
(B) ਆਈ.ਸੀ. ਨੰਦਾ
(C) ਬਲਵੰਤ ਗਾਰਗੀ
(D) ਵਾਲਟਰ ਸਕਾਟ